ਦਫਤਰ: ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ, ਲੋ:ਨਿ:ਵਿ:ਭ ਤੇ ਮ ਸ਼ਾਖਾ, ...

ਸੇਵਾ ਵਿਖੇ,

ਪ੍ਰਿੰਸੀਪਲ,
ਡਿਵਾਈਨ ਪਬਲਿਕ ਸਕੂਲ,
ਜੀ.ਟੀ.ਰੋਡ.ਚਾਚੋਕੀ, ਫਗਵਾੜਾ।

ਨੰਬਰ/ 757 ਮਿਤੀ/ 02-12-2022

**ਵਿਸ਼ਾ:-** **ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਬਾਰੇ-ਸਾਲ 2022-23**

ਹਵਾਲਾ:- ਆਪ ਜੀ ਦਾ ਪੱਤਰ ਨੰਬਰ ਡੀ.ਪੀ.ਈ.ਟੀ./ਸੀ/20/39 ਮਿਤੀ 26-11-2022

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਨਿਮਨ ਹਸਤਾਖਰ ਕਰਤਾ ਅਤੇ ਸਬੰਧਤ ਜੂਨੀਅਰ ਇੰਜੀਨੀਅਰ ਵੱਲੋਂ ਮਿਤੀ 01-12-2022 ਨੂੰ ਉਕਤ ਸਕੂਲ/ਬਿਲਡਿੰਗ ਦਾ ਨਿਰੀਖਣ ਕੀਤਾ ਗਿਆ ਅਤੇ ਇਹ ਬਿਲਡਿੰਗ ਦੇਖਣ ਵਿੱਚ ਸੁਰੱਖਿਅਤ ਪਾਈ ਗਈ ਹੈ।ਇਸ ਇਮਾਰਤ ਦਾ ਸਾਲ **2022-2023 (ਅਪ ਟੂ 31.03.2023)** ਦਾ ਸੇਫਟੀ ਸਰਟੀਫਿਕੇਟ ਆਪ ਜੀ ਨੂੰ ਹੇਠ ਲਿਖੀਆਂ ਸ਼ਰਤਾਂ/ਹਦਾਇਤਾਂ ਦੀ ਪਾਲਣਾ ਬਾਰੇ ਦੱਸਦੇ ਹੋਏ ਜਾਰੀ ਕੀਤਾ ਜਾਂਦਾ ਹੈ:-

1. ਜੇਕਰ ਇਮਾਰਤ ਵਿੱਚ ਕੋਈ ਤਬਦੀਲੀ/ਵਧਾਇਆ ਜਾਂ ਘਟਾਇਆ ਜਾਂਦਾ ਹੈ ਤਾਂ ਇਹ ਕੰਮ ਕਿਸੇ ਤਕਨੀਕੀ ਇੰਜੀਨੀਅਰ ਦੀ ਦੇਖ ਰੇਖ ਵਿੱਚ ਹੀ ਕਰਵਾਇਆ ਜਾਵੇ ਅਤੇ ਉਸ ਹਿੱਸੇ ਨੂੰ ਮੁਕੰਮਲ ਕਰਨ ਦਾ ਸਰਟੀਫਿਕੇਟ ਨਿਮਨ ਹਸਤਾਖਰ ਪਾਸੋਂ ਫਿਰ ਤੋਂ ਲਿਆ ਜਾਵੇ।
2. ਜੇਕਰ ਬਿਲਡਿੰਗ ਦੀਆਂ ਕੰਧਾਂ, ਨੀਂਹਾਂ ਅਤੇ ਛੱਤਾਂ ਕੁਦਰਤੀ ਆਫਤ ਕਰਕੇ ਬੈਠ ਜਾਣ ਅਤੇ ਇਸ ਸੂਰਤ ਵਿੱਚ ਨਿਮਨ ਹਸਤਾਖਰ ਕਰਤਾ ਨੂੰ ਫੌਰੀ ਤੌਰ ਤੇ ਬਿਲਡਿੰਗ ਦੀ ਹਾਲਤ ਬਾਰੇ ਸੂਚਿਤ ਕੀਤਾ ਜਾਵੇ ਅਤੇ ਨਿਰੀਖਣ ਕਰਵਾਇਆ ਜਾਵੇ ਤਾਂ ਜੋ ਦੇਖਿਆ ਜਾ ਸਕੇ ਕਿ ਬਿਲਡਿਂਗ ਵਰਤੋਂ ਯੋਗ ਹੈ ਜਾਂ ਨਹੀਂ।
3. ਇਹ ਸਰਟੀਫਿਕੇਟ ਕਿਸੇ ਕੋਰਟ ਕੇਸ ਵਿੱਚ ਵੈਲਿਡ ਨਹੀਂ ਹੋਵੇਗਾ।

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ,ਲੋ:ਨਿ:ਵਿ:,
ਭ ਤੇ ਮ ਸ਼ਾਖਾ, ਫਗਵਾੜਾ।